# FOGO

## ਫੂਡ ਆਰਗੈਨਿਕਸ ਅਤੇ ਗਾਰਡਨ ਆਰਗੈਨਿਕਸ

↑ ਰੋਜ਼ਮਰ੍ਹਾ **ਜਲਵਾਯੂ ਚੋਣਾਂ**

## FOGO ਕਲੈਕਸ਼ਨ ਸੇਵਾ ਕੀ ਹੈ?

ਫੂਡ ਆਰਗੈਨਿਕਸ ਅਤੇ ਗਾਰਡਨ ਆਰਗੈਨਿਕਸ (FOGO) ਸੇਵਾ ਬਚੇ-ਖੁਚੇ ਭੋਜਨ ਅਤੇ ਬਾਗ਼ਬਾਨੀ ਦੇ ਕੂੜੇ ਦੀ ਹਫ਼ਤਾਵਾਰੀ ਕਲੈਕਸ਼ਨ ਸੇਵਾ ਹੈ।

FOGO ਘਰੇਲੂ ਕੂੜੇ ਨੂੰ ਲੈਂਡਫਿਲ ਵਿੱਚ ਜਾਣ ਤੋਂ ਘਟਾਉਣ ਵਿੱਚ ਮਦਦ ਕਰਦਾ ਹੈ। ਤੁਹਾਡੇ FOGO ਬਿੰਨ ਦੀ ਸਮੱਗਰੀ ਨੂੰ ਇੱਥੇ ਕੈਨਬਰਾ ਵਿੱਚ ਹੀ ਖਾਦ ਵਿੱਚ ਬਦਲ ਦਿੱਤਾ ਜਾਂਦਾ ਹੈ।

ਤੁਸੀਂ ਆਪਣੇ ਸਭ ਤਰ੍ਹਾਂ ਦੇ ਬਚੇ-ਖੁਚੇ ਭੋਜਨ ਨਾਲ-ਨਾਲ ਬਾਗ਼ਬਾਨੀ ਦੇ ਕੂੜੇ ਲਈ ਵੀ ਚਮਕੀਲੇ ਹਰੇ ਢੱਕਣ ਵਾਲੇ FOGO ਬਿੰਨ ਦੀ ਵਰਤੋਂ ਕਰ ਸਕਦੇ ਹੋ।



**FOGO** ਨੂੰ ਬੇਲਕੋਨੇਨ ਟਾਊਨ ਸੈਂਟਰ, ਬਰੂਸ, ਕੁੱਕ, ਮੈਕਵੇਰੀ ਅਤੇ ਟੁਗੇਰਾਨੋਂਗ ਦੇ ਚੁਣੇ ਹੋਏ ਅਪਾਰਟਮੈਂਟਾਂ ਵਿੱਚ 6,500 ਤੋਂ ਵੱਧ ਘਰਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ।

## FOGO ਕਿਵੇਂ ਵਰਤਣਾ ਹੈ?

ਜਨ ਤਿਆਰ ਕਰਦੇ ਸਮੇਂ ਅਤੇ ਬਚੇ-ਖੁਚੇ ਭੋਜਨ ਨੂੰ ਸਾਫ਼ ਕਰਦੇ ਸਮੇਂ ਭੋਜਨ ਬਚੇ ਹੋਏ ਹਿੱਸੇ ਨੂੰ ਇਕੱਠਾ ਕਰਨ ਲਈ ਕਿਸੇ ਡੱਬੇ ਜਾਂ FOGO ਕੈਡੀ ਦੀ ਵਰਤੋਂ ਕਰੋ। FOGO ਕੈਡੀ ਵਿਚ ਲਿਫ਼ਾਫ਼ਾ ਲਗਾਉਣਾ ਤੁਹਾਡੀ ਆਪਣੀ ਮਰਜ਼ੀ ਹੈ, ਪਰ ਜੇਕਰ ਤੁਸੀਂ ਲਿਫ਼ਾਫ਼ਾ ਲਗਾਉਂਦੇ ਹੋ ਤਾਂ ਇਹ ਆਸਟ੍ਰੇਲੀਆਈ ਸਟੈਂਡਰਡ AS 5810 ਦੇ ਅਨੁਸਾਰ ਪ੍ਰਮਾਣਿਤ ਅਤੇ ਖਾਦ ਬਣਨ ਯੋਗ ਹੋਣਾ **ਲਾਜ਼ਮੀ** ਹੈ। ਜ਼ਰੂਰਤ ਮੁਤਾਬਕ ਕੈਡੀ ਦੀ ਸਮੱਗਰੀ FOGO ਬਿੰਨ ਵਿੱਚ ਖਾਲੀ ਕਰੋ।

1. ਆਪਣੇ ਭੋਜਨ ਦੇ ਸਾਰੇ ਬਚੇ ਹੋਏ ਹਿੱਸੇ ਨੂੰ ਕੈਡੀ ਵਿੱਚ ਇਕੱਠਾ ਕਰੋ। ਤੁਸੀਂ ਕੈਡੀ ਵਿਚ ਪ੍ਰਮਾਣਿਤ ਖਾਦ ਬਣਨ ਯੋਗ ਲਿਫ਼ਾਫ਼ਾ ਲਗਾ ਸਕਦੇ ਹੋ, ਜਾਂ ਭੋਜਨ ਬਿਨਾ ਲਿਫ਼ਾਫ਼ੇ ਦੇ ਸਿੱਧਾ ਬਿੰਨ ਵਿੱਚ ਪਾ ਸਕਦੇ ਹੋ।
2. ਜਦੋਂ ਕੈਡੀ ਭਰ ਜਾਵੇ, ਤਾਂ ਇਸਨੂੰ ਆਪਣੇ ਬਾਗ਼ਬਾਨੀ ਦੇ ਕੂੜੇ ਦੇ ਨਾਲ FOGO ਬਿੰਨ ਵਿੱਚ ਖਾਲੀ ਕਰੋ।




**ਕੀ ਤੁਹਾਨੂੰ ਇਸ ਜਾਣਕਾਰੀ ਨੂੰ ਪੜ੍ਹਨ ਜਾਂ ਸਮਝਣ ਵਿੱਚ ਮਦਦ ਦੀ ਲੋੜ ਹੈ?**

ਇਸ ਜਾਣਕਾਰੀ ਨੂੰ ਸੁਣਨ ਜਾਂ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ,
ਐਕਸੈਸ ਕੈਨਬਰਾ ਨੂੰ 13 22 81 'ਤੇ ਕਾਲ ਕਰੋ।

Interpreter

ਜੇਕਰ ਤੁਹਾਨੂੰ ਅਨੁਵਾਦ ਅਤੇ ਦੁਭਾਸ਼ੀਏ ਸੇਵਾ ਦੀ ਲੋੜ ਹੈ,
ਤਾਂ 13 14 50 'ਤੇ ਕਾਲ ਕਰੋ।

FOGO ਬਾਰੇ ਤਾਜ਼ਾ ਜਾਣਕਾਰੀ ਲੈਣ ਲਈ ਸਾਈਨ ਅੱਪ ਕਰੋ।
**ਰਜਿਸਟਰ ਕਰਨ ਲਈ ਸਕੈਨ ਕਰੋ।**

## ਤੁਹਾਡੇ ਬਚੇ-ਖੁਚੇ ਭੋਜਨ ਨੂੰ ਸਹੀ ਤਰੀਕੇ ਨਾਲ ਛਾਂਟਿਆ ਗਿਆ




## ਹੋਰ ਜਾਣੋ

- www.act.gov.au/fogo
- fogo@act.gov.au
- ਐਕਸੈਸ ਕੈਨਬਰਾ 13 22 81





ACT Government
ਕੂੜੇ ਨੂੰ ਛਾਂਟਿਆ ਗਿਆ
www.act.gov.au/fogo

# ਤੁਹਾਡੇ FOGO ਬਿੰਨ ਵਿੱਚ ਕੀ ਜਾ ਸਕਦਾ ਹੈ?

ਕੁੱਝ ਸਮੱਗਰੀਆਂ ਤੁਹਾਡੇ FOGO ਬਿੰਨ ਵਿੱਚ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ ਹਨ। ਜਦੋਂ ਇਹ ਚੀਜ਼ਾਂ ਤੁਹਾਡੇ FOGO ਬਿੰਨ ਵਿੱਚ ਪਾਈਆਂ ਜਾਂਦੀਆਂ ਹਨ, ਤਾਂ ਇਸਨੂੰ ਮਿਲਾਵਟ ਕਿਹਾ ਜਾਂਦਾ ਹੈ। ਮਿਲਾਵਟ ਹੋਣ ਤੋਂ ਬਚਾ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਇੱਕ ਉੱਚ-ਗੁਣਵੱਤਾ ਵਾਲਾ ਖਾਦ ਉਤਪਾਦ ਬਣਾਇਆ ਜਾਵੇ।




## ਮੇਰੇ ਬਿੰਨ ਕਦੋਂ ਲਿਜਾਏ ਜਾਣਗੇ?

ਹਫ਼ਤਾਵਾਰ | ਪੰਦਰਵਾੜੇ | ਪੰਦਰਵਾੜੇ




ਆਪਣਾ ਬਿੰਨ ਲਿਜਾਏ ਜਾਣ ਦਾ ਕੈਲੰਡਰ ਵੇਖਣ ਲਈ ਇੱਥੇ ਜਾਓ:
**www.cityservices.act.gov.au/recycling-and-waste/bins**

## ਹਾਂ — ਇਹ ਚੀਜ਼ਾਂ ਤੁਹਾਡੇ FOGO ਬਿੰਨ ਵਿੱਚ ਪਾਈਆਂ ਜਾ ਸਕਦੀਆਂ ਹਨ।

**ਸਭ ਤਰ੍ਹਾਂ ਦਾ ਬਚਿਆ ਹੋਇਆ ਖਾਣਾ, ਜਿਵੇਂ ਕਿ:**

- ਬਚਿਆ ਹੋਇਆ ਅਤੇ ਪਕਾਇਆ ਹੋਇਆ ਭੋਜਨ
- ਡੇਅਰੀ ਉਤਪਾਦ ਅਤੇ ਅੰਡੇ
- ਫ਼ਲ ਅਤੇ ਸਬਜ਼ੀਆਂ ਦੇ ਛਿਲਕੇ (ਸਟਿੱਕਰ ਹਟਾ ਕੇ)
- ਮੀਟ, ਸਮੁੰਦਰੀ ਭੋਜਨ ਅਤੇ ਹੱਡੀਆਂ (ਸੀਪ ਸ਼ੈੱਲ ਨਹੀਂ)
- ਰੋਟੀ, ਅਨਾਜ ਅਤੇ ਸੀਰੀਅਲ
- ਪੀਸੀ ਹੋਈ ਕੌਫੀ ਅਤੇ ਚਾਹ ਪੱਤੀ

**ਬਾਗ਼ਬਾਨੀ ਦਾ ਕੂੜਾ:**

- ਕੱਟਿਆ ਹੋਇਆ ਘਾਹ ਅਤੇ ਨਦੀਨ
- ਬਾਗ਼ਬਾਨੀ ਦੀ ਕਾਂਟੀ-ਛਾਂਟੀ ਅਤੇ ਛੋਟੀਆਂ ਟਾਹਣੀਆਂ
- ਫੁੱਲ ਅਤੇ ਪੱਤੇ

**ਘਰੇਲੂ ਕੰਪੋਸਟ ਬਣ ਸਕਣ ਵਾਲੇ ਲਾਈਨਰ AS 5810:**

ਦਿੱਤੇ ਗਏ ਲਿਫ਼ਾਫ਼ੇ ਪਲਾਸਟਿਕ-ਮੁਕਤ ਹਨ ਅਤੇ ਆਸਟ੍ਰੇਲੀਆਈ ਮਾਪਦੰਡ AS 5810 ‘ਤੇ ਪੂਰੇ ਉਤਰਦੇ ਹਨ।

ਘਰੇਲੂ ਕੰਪੋਸਟ ਬਣ ਸਕਣ ਵਾਲੇ AS 5810

## ਨਹੀਂ — ਇਹ ਚੀਜ਼ਾਂ ਤੁਹਾਡੇ FOGO ਬਿੰਨ ਵਿੱਚ ਨਹੀਂ ਜਾ ਸਕਦੀਆਂ।

- ਪਲਾਸਟਿਕ ਦੇ ਲਿਫ਼ਾਫ਼ੇ
- ਖਾਦ ਯੋਗ ਵਸਤੂਆਂ (ਪ੍ਰਮਾਣਿਤ ਕੈਡੀ ਲਿਫ਼ਾਫ਼ਿਆਂ ਨੂੰ ਛੱਡ ਕੇ)
- ਚਾਹ ਦੇ ਥੈਲੇ
- ਜਾਨਵਰਾਂ ਦੇ ਮਲ ਵਾਲੀ ਸਮੱਗਰੀ
- ਕਿੱਟੀ ਲਿਟਰ ਅਤੇ ਜਾਨਵਰਾਂ ਦੇ ਬਿਸਤਰੇ
- ਵਾਲ
- ਕਾਗਜ਼, ਟਿਸ਼ੂ ਅਤੇ ਕਾਗਜ਼ ਦੇ ਤੌਲੀਏ
- ਖਾਦ ਬਣਨ ਯੋਗ ਉਤਪਾਦ ਜਾਂ ਲਿਫ਼ਾਫ਼ੇ
- ਸੀਪ ਸ਼ੈੱਲ
- ਸੈਨੇਟਰੀ ਉਤਪਾਦ ਜਾਂ ਨੈਪੀਜ਼
- ਵੈਕਿਊਮ ਦੀ ਧੂੜ
- ਇਲਾਜ ਅਤੇ ਰੰਗ ਕੀਤੀ ਲੱਕੜ
- ਇਮਾਰਤੀ ਸਮੱਗਰੀ
- ਧਾਤ
- ਕੱਚ
- ਕੱਪੜੇ ਅਤੇ ਟੈਕਸਟਾਈਲ ਸਮੱਗਰੀ

ਸ਼ੱਕ ਹੈ? ਤਾਂ ਇਸਨੂੰ ਬਾਹਰ ਰੱਖੋ।
ਰੀਸਾਈਕਲਿੰਗ ਅਤੇ ਕੂੜੇ ਲਈ A–Z ਗਾਈਡ ਖੋਜੋ।
**www.act.gov.au/wastesorted**

ਜਿੰਨ੍ਹਾਂ ਅਪਾਰਟਮੈਂਟਾਂ ਜਾਂ ਟਾਊਨਹਾਊਸਾਂ ਵਿੱਚ ਸਾਂਝੀਆਂ ਕੂੜਾ ਸਹੂਲਤਾਂ ਹਨ ਅਤੇ ਜੋ FOGO ਪਾਇਲਟ ਦਾ ਹਿੱਸਾ ਹਨ, ਉੱਥੇ ਬਿੰਨ ਲਿਜਾਣ ਦਾ ਸਮਾਂ ਵੱਖ ਹੋ ਸਕਦਾ ਹੈ।

ਆਪਣੀ ਬਿਲਡਿੰਗ ਮੈਨੇਜਮੈਂਟ ਟੀਮ ਨਾਲ ਸੰਪਰਕ ਕਰਕੇ ਕੂੜਾ-ਨਿਪਟਾਰਾ ਪ੍ਰਬੰਧਨ ਬਾਰੇ ਜਾਣਕਾਰੀ ਪ੍ਰਾਪਤ ਕਰੋ।



## FOGO ਨੂੰ ਪ੍ਰੋ ਦੀ ਤਰ੍ਹਾਂ ਵਰਤਣ ਲਈ ਸੁਝਾਅ

- ✓ ਆਪਣੀ ਕੈਡੀ ਨੂੰ ਬੰਦ ਰੱਖੋ।
- ✓ ਆਪਣੀ ਕੈਡੀ ਨੂੰ ਨਿਯਮਿਤ ਤੌਰ 'ਤੇ ਧੋਵੋ (ਇਹ ਡਿਸ਼ਵਾਸ਼ਰ ਸੁਰੱਖਿਅਤ ਹੈ)।
- ✓ ਆਪਣੇ FOGO ਬਿੰਨ ਨੂੰ ਹਰ ਹਫ਼ਤੇ ਬਾਹਰ ਰੱਖੋ, ਭਾਵੇਂ ਇਹ ਭਰਿਆ ਨਾ ਹੋਵੇ।
- ✓ ਤੁਸੀਂ ਮਾਸ ਅਤੇ ਸਮੁੰਦਰੀ ਭੋਜਨ ਦੀਆਂ ਹੱਡੀਆਂ ਵਰਗੇ ਕੂੜੇ ਨੂੰ ਬਿੰਨ ਲਿਜਾਣ ਤੋਂ ਠੀਕ ਪਹਿਲਾਂ ਤੱਕ ਫ੍ਰੀਜ਼ਰ ਵਿੱਚ ਰੱਖ ਸਕਦੇ ਹੋ ਤਾਂ ਜੋ ਇਸਨੂੰ ਬਦਬੂ ਤੋਂ ਮੁਕਤ ਰੱਖਿਆ ਜਾ ਸਕੇ।
- ✓ ਜੇ ਸੰਭਵ ਹੋਵੇ, ਤਾਂ ਆਪਣੇ FOGO ਬਿੰਨ ਨੂੰ ਛਾਂ ਵਿੱਚ ਰੱਖੋ।